# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 11-04-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ 'ਸਬਕਾ ਸਾਥ, ਸਬਕਾ ਵਿਕਾਸ' ਸਾਡੀ ਸਰਕਾਰ ਦੀ ਨੀਤੀ ਏ।
- ਪੰਜਾਬ ਮੰਤਰੀ ਮੰਡਲ ਵਲੋਂ ਅੱਜ ਮੈਡੀਕਲ ਖੇਤਰ ਸਮੇਤ ਕੁਝ ਹੋਰ ਵਿਭਾਗਾਂ ਬਾਰੇ ਅਹਿਮ ਫੈਸਲੇ ਲਏ ਗਏ- ਮੈਡੀਕਲ ਕਾਲਜਾਂ ਵਿੱਚ ਤੈਨਾਤ ਅਧਿਆਪਕ ਅਮਲੇ ਦੀ ਸੇਵਾ ਮੁਕਤੀ ਦੀ ਉਮਰ 62 ਸਾਲਾਂ ਤੋਂ ਵਧਾ ਕੇ 65 ਸਾਲ ਕੀਤੀ ਗਈ।
- ਅੰਮ੍ਰਿਤਸਰ ਪੁਲਿਸ ਨੇ ਇਕ ਨਸ਼ਾ ਤਸਕਰ ਨੂੰ 18 ਕਿੱਲੋ ਤੋਂ ਵੱਧ ਹੈਰੋਇਨ ਸਮੇਤ ਕੀਤਾ ਗ੍ਰਿਫ਼ਤਾਰ ।
- ਮੌਸਮ ਵਿਭਾਗ ਵਲੋਂ ਪੰਜਾਬ ਅਤੇ ਹਰਿਆਣਾ ਸਮੇਤ ਕਈ ਸੂਬਿਆਂ ਵਿੱਚ ਭਾਰੀ ਵਰਖਾ ਲਈ ਓਰੇਂਜ ਅਲਰਟ ਜਾਰੀ।
- IPL ਕ੍ਰਿਕਟ ਵਿੱਚ ਅੱਜ ਚੇਨਈ ਸੁਪਰ ਕਿੰਗਜ਼ ਦਾ ਸਾਹਮਣਾ ਕੋਲਕਾਤਾ ਨਾਈਟ ਰਾਈਡਰਜ਼ ਨਾਲ ਹੋਵੇਗਾ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਗਰੀਬਾਂ ਅਤੇ ਸਾਧਨਾ ਤੋਂ ਵਾਂਝੇ ਲੋਕਾਂ ਨੂੰ ਉੱਚਾ ਚੁੱਕਣ ਦਾ ਸੰਕਲਪ, 'ਸਬਕਾ ਸਾਥ, ਸਬਕਾ ਵਿਕਾਸ' ਦਾ ਮੰਤਰ ਅਤੇ ਸੇਵਾ ਦੀ ਭਾਵਨਾ ਅੱਜ ਸਰਕਾਰ ਦੀ ਨੀਤੀ ਅਤੇ ਸ਼ਰਧਾ ਏ । ਸ਼੍ਰੀ ਮੋਦੀ ਅੱਜ ਮੱਧ ਪ੍ਰਦੇਸ਼ ਦੇ ਅਸ਼ੋਕਨਗਰ ਦੇ ਈਸਾਗੜ੍ਹ ਵਿੱਚ ਸ਼੍ਰੀ ਆਨੰਦਪੁਰ ਧਾਮ ਵਿਖੇ ਸ਼ਰਧਾਲੂਆਂ ਨੂੰ ਸੰਬੋਧਨ ਕਰ ਰਹੇ ਸਨ। ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਜ਼ਿਕਰ ਕਰਦੇ ਹੋਏ, ਸ਼੍ਰੀ ਮੋਦੀ ਨੇ ਕਿਹਾ ਕਿ ਸਰਕਾਰ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ, ਆਯੁਸ਼ਮਾਨ ਯੋਜਨਾ, ਪ੍ਰਧਾਨ ਮੰਤਰੀ ਆਵਾਸ ਯੋਜਨਾ ਅਤੇ ਜਲ ਜੀਵਨ ਮਿਸ਼ਨ ਵਰਗੀਆਂ ਕਈ ਯੋਜਨਾਵਾਂ ਚਲਾ ਰਹੀ ਹੈ ਤਾਂ ਜੋ ਸਮਾਜ ਦੇ ਗਰੀਬਾਂ ਅਤੇ ਵਾਂਝੇ ਵਰਗਾਂ ਦਾ ਜੀਵਨ ਆਸਾਨ ਹੋ ਸਕੇ। ਉਨ੍ਹਾਂ ਕਿਹਾ ਕਿ ਸੇਵਾ ਦੀ ਭਾਵਨਾ ਸਾਡੀ ਸਰਕਾਰ ਦੇ ਕੇਂਦਰ ਵਿੱਚ ਹੈ। ਸਰਕਾਰ ਸਾਰੇ ਵਰਗਾਂ ਲਈ ਕੰਮ ਕਰ ਰਹੀ ਏ ।

---

ਕੇਂਦਰੀ ਕਿਰਤ ਅਤੇ ਰੁਜ਼ਗਾਰ ਮੰਤਰੀ ਮਨਸੁਖ ਮਾਂਡਵੀਆ ਨੇ ਕਿਹਾ ਏ ਕਿ ਸਰਕਾਰ ਨੇ, ਦੇਸ਼ ਦੇ ਲੋਕਾਂ ਲਈ ਸਿਹਤ ਸੰਭਾਲ ਨੂੰ ਵਧੇਰੇ ਪਹੁੰਚਯੋਗ ਅਤੇ ਕਿਫਾਇਤੀ ਬਣਾਇਆ ਏ । ਫਰੀਦਾਬਾਦ ਸਥਿਤ ESIC ਮੈਡੀਕਲ ਕਾਲਜ ਅਤੇ ਹਸਪਤਾਲ ਦੇ ਦੂਜੇ ਕਨਵੋਕੇਸ਼ਨ ਨੂੰ ਸੰਬੋਧਨ

ਕਰਦਿਆਂ, ਡਾ. ਮਾਂਡਵੀਆ ਨੇ ਕਿਹਾ ਕਿ ਸਾਰੇ ਡਾਕਟਰਾਂ ਦਾ ਵਿਵਹਾਰ ਮਨੁੱਖੀ ਹੋਣਾ ਚਾਹੀਦਾ ਏ ।**BYTE:**

---

ਪੰਜਾਬ ਮੰਤਰੀ ਮੰਡਲ ਵਲੋਂ ਅੱਜ ਮੈਡੀਕਲ ਖੇਤਰ ਸਮੇਤ ਕੁਝ ਹੋਰ ਵਿਭਾਗਾਂ ਬਾਰੇ ਅਹਿਮ ਫੈਸਲੇ ਲਏ ਗਏ । ਮੈਡੀਕਲ ਕਾਲਜਾਂ ਵਿੱਚ ਤੈਨਾਤ ਅਧਿਆਪਕ ਅਮਲੇ ਦੀ ਸੇਵਾ ਮੁਕਤੀ ਦੀ ਉਮਰ 62 ਸਾਲਾਂ ਤੋਂ ਵਧਾ ਕੇ 65 ਸਾਲ ਕਰ ਦਿੱਤੀ ਗਈ ਏ । ਸਰਕਾਰੀ ਮੈਡੀਕਲ ਖੇਤਰ ਵਿੱਚ ਵੀ ਜਿਹੜੀ ਮੈਡੀਕਲ ਸਪੈਸ਼-ਲਿਸਟ ਮਾਹਰ ਡਾਕਟਰ 58 ਸਾਲ ਦੀ ਉਮਰ ਵਿੱਚ ਸੇਵਾ ਮੁਕਤ ਹੋ ਜਾਂਦੇ ਸਨ ਉਹਨਾਂ ਨੂੰ ਹੁਣ 65 ਸਾਲ ਦੀ ਉਮਰ ਤੱਕ ਮੁੜ ਤੋਂ ਨੌਕਰੀ ਤੇ ਰੱਖਿਆ ਜਾਵੇਗਾ । ਸੂਬੇ ਦੇ ਵਿਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਦਸਿਆ **BYTE:**

ਪੇਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਜ਼ਿਲਾ ਪਧਰੀ ਬਲਾਕਾਂ ਨੂੰ ਜ਼ਿਲ੍ਹੇ ਦੇ ਹਿਸਾਬ ਨਾਲ ਤਰਕ ਸੰਗਤ ਬਣਾਉਣ, ਇੰਪਰੂਵਮੈਂਟ ਟਰਸਟ ਵਿੱਚ ਪੀਨਲ ਇੰਟਰਸਟ ਨੂੰ ਮੁਆਫ ਕਰਨ ਅਤੇ ਨੋਨ ਕੰਸਟਰਕਸ਼ਨ ਫੀਸ ਦੇ 50 ਫੀਸਦੀ ਛੋਟ ਦੇਣ ਇਕੋ ਸੈਂਸਿਟਿਵ ਜ਼ੋਨ ਅਤੇ ਅਨੁਸੂਚਿਤ ਵਰਗ ਦੇ ਵਕੀਲਾਂ ਲਈ ਰਾਹਤ ਦਾ ਐਲਾਨ ਕੀਤਾ ਏ ।

---------------------------------------------------------------------

ਪੰਜਾਬ ਦੇ ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਵਲੋਂ ਅੱਜ ਜਲੰਧਰ ਦੇ ਸਰਕਾਰੀ ਸੀਨੀਅਰ ਸੈਕੰਡਰੀ (ਲੜਕੇ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭਾਰਗਵ ਕੈਂਪ, ਜਲੰਧਰ ਵਿਖੇ 26 ਲੱਖ 78 ਹਜ਼ਾਰ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਨੂੰ ਸਮਰਪਿਤ ਕੀਤਾ ਗਿਆ । ਇਸ ਮੌਕ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ 'ਪੰਜਾਬ ਸਿੱਖਿਆ ਕ੍ਰਾਂਤੀ' ਉਪਰਾਲੇ ਤਹਿਤ ਅੱਜ ਜ਼ਿਲ੍ਹੇ ਦੇ 37 ਸਰਕਾਰੀ ਸਕੂਲਾਂ ਵਿੱਚ 2 ਕਰੋੜ 90 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ , ਜਿਸ ਨਾਲ ਜ਼ਿਲ੍ਹੇ ਦੀਆਂ ਸਿੱਖਿਆ ਸੰਸਥਾਵਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਉਤਸ਼ਾਹ ਮਿਲੇਗਾ। ਉਨ੍ਹਾਂ ਕਿਹਾ ਕਿ ਬੁਨਿਆਦੀ ਢਾਂਚੇ ਵਿੱਚ ਸਮਾਰਟ ਕਲਾਸ ਰੂਮ, ਡਿਜੀਟਲ ਲਰਨਿੰਗ ਸਿਸਟਮ, ਸਾਇੰਸ ਲੈਬਾਰਟਰੀਆਂ, ਸਪੋਰਟਸ ਟਰੈਕ, ਕਲੱਸਟਰ ਰੂਮ, ਚਾਰਦੀਵਾਰੀ ਸ਼ਾਮਿਲ ਏ ।

---------------------------------------------------------------------

ਅੰਮ੍ਰਿਤਸਰ ਬਾਰਡਰ ਰੇਂਜ ਦੀ ਨਸ਼ਾ ਵਿਰੋਧੀ ਕਰਜ ਬਲ ਨੇ ਅੱਜ ਇਕ ਨਸ਼ਾ ਤਸਕਰ ਨੂੰ 18 ਕਿੱਲੋ ਤੋਂ ਵੱਧ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਏ । ਛਾਣਬੀਣ ਵਿਚ ਇਹ ਪਤਾ ਲੱਗਾ ਏ ਕਿ ਕਾਬੂ ਕੀਤਾ ਹੀਰਾ ਸਿੰਘ ਤੇ

ਉਸ ਦਾ ਸਾਥੀ ਕੁਲਵਿੰਦਰ ਸਿੰਘ, ਪਾਕਿਸਤਾਨ ਅਧਾਰਤ ਤਿੰਨ ਨਸ਼ਾ ਤਸਕਰਾਂ  ਨਾਲ ਮਿਲੇ ਹੋਏ ਸਨ ਅਤੇ ਸਰਹੱਦ ਪਾਰ ਤੋਂ ਹੈਰੋਇਨ ਦੀ ਤਸਕਰੀ ਕਰ ਕੇ ਅੱਗੇ ਪਹੁੰਚਾਉਂਦੇ ਸਨ। ਕੁਲਵਿੰਦਰ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਨੇ ਵੱਖ-ਵੱਖ ਥਾਵਾਂ ਤੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਏ।

---------------------------------------------------------------------

ਸੀਮਾ ਸੁਰੱਖਿਆ ਬਲ-BSF ਨੇ ਬੀਤੀ ਦੇਰ ਰਾਤ ਅੰਮ੍ਰਿਤਸਰ ਦੇ ਇੱਕ ਸਰਹੱਦੀ ਪਿੰਡ ਤੋਂ ਦੋ ਭਾਰਤੀ ਨਸ਼ਾ -ਤਸਕਰਾਂ ਨੂੰ ਕਾਬੂ ਕੀਤਾ ਏ । ਸੂਤਰਾਂ ਮੁਤਾਬਿਕ, ਖੁਫੀਆ ਜਾਣਕਾਰੀ ਅਧਾਰਤ ਕਾਰਵਾਈ ਦੌਰਾਨ ਬਦਫ਼ ਜਵਾਨਾਂ  ਨੇ ਦੋਵਾਂ ਨੂੰ ਇਕ ਲੱਖ ਤੋਂ ਵੱਧ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ । ਇਹ ਦੋਵੇਂ ਅੰਮ੍ਰਿਤਸਰ ਦੇ ਪਿੰਡ-ਦਾਓਕੇ ਦੇ ਰਹਿਣ ਵਾਲੇ ਨੇ । ਉਨ੍ਹਾਂ ਦੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਪੁੱਛਗਿੱਛ ਕੀਤੀ ਜਾ ਰਹੀ ਏ ।

---------------------------------------------------------------------

ਸਿੱਖ ਰੈਜੀਮੈਂਟ ਦੇ ਸਾਬਕਾ ਤੇ ਮੌਜੂਦਾ ਫੌਜੀਆਂ ਦਾ ਜੋੜ ਮੇਲਾ ਫ਼ੌਜ ਦੇ ਗੁਰਦਸਪੂਰ ਸਥਿਤ ਤਿਬੜੀ ਕੈਂਟ ਵਿਖੇ ਮਨਾਇਆ ਗਿਆ । ਇਸ ਮੌਕੇ  ਰੈਜੀਮੈਂਟ ਦੇ ਸਾਬਕਾ ਫੌਜੀ ਅਧਿਕਾਰੀਆਂ ਤੋਂ ਇਲਾਵਾ ਜੇ.ਸੀ.ਓਜ ਅਤੇ  ਮੌਜੂਦਾ ਅਧਿਕਾਰੀਆਂ ਅਤੇ ਫੌਜੀਆਂ ਨੇ ਭਰਪੂਰ

ਉਤਸਾਹ ਦਿਖਾਇਆ। ਮੇਲੇ ਦੌਰਾਨ ਅਧਿਕਾਰੀਆਂ ਨੇ ਸਾਬਕਾ ਫੌਜੀਆਂ ਦੀ ਸਮੱਸਿਆਵਾਂ ਵੀ ਸੁਣੀਆਂ ਤੇ ਉਹਨਾਂ ਦਾ ਨਿਪਟਾਰਾ ਵੀ ਕੀਤਾ। ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਮੇਜਰ ਜਰਨਲ ਅਜੈ ਕੁਮਾਰ ਸਿੰਘ  ਨੇ ਦੱਸਿਆ ਕਿ ਸਿੱਖ ਰੈਜੀਮੈਂਟ, ਫੌਜ ਦੀ ਇੱਕ ਬਹਾਦਰ ਰੈਜੀਮੈਂਟ ਤੇ ਤੌਰ ਤੇ ਜਾਣੀ ਜਾਂਦੀ ਏ । ਉਨ੍ਹਾਂ ਕਿਹਾ ਕਈ  ਜੋੜ ਮੇਲੇ ਦਾ ਮਕਸਦ ਜਿੱਥੇ ਰੈਜੀਮੈਂਟ ਨਾਲ ਜੁੜੇ   ਸਾਬਕਾ ਫੌਜੀਆਂ ਦੀਆ ਸਮੱਸਿਆਵਾਂ ਦਾ ਨਿਪਟਾਰਾ ਕਰਨਾ ਏ, ਉੱਥੇ ਹੀ ਫੌਜ ਵਿੱਚ ਸੇਵਾ ਨਿਭਾ ਰਹੇ ਪੰਜਾਬੀ ਨੌਜਵਾਨਾਂ ਦੀ ਹੌਸਲਾ ਅਫਜਾਈ ਕਰਨਾ ਵੀ ਏ । ਉਹਨਾਂ ਕਿਹਾ ਕਿ ਪੰਜਾਬੀ ਨੌਜਵਾਨਾਂ ਵਿੱਚ ਫੌਜ ਵਿੱਚ ਭਰਤੀ ਹੋਣ ਲਈ ਭਰਪੂਰ ਉਤਸਾਹ ਦਿਖਾਇਆ ਜਾ ਰਿਹਾ ਏ  ਅਤੇ ਬਹੁਤ ਸਾਰੇ ਪੰਜਾਬੀ ਨੌਜਵਾਨ ਅਗਨੀਵੀਰ ਰਾਹੀ ਵੀ ਫੌਜ ਵਿੱਚ ਭਰਤੀ ਹੋ ਰਹੇ ਹਨ ਅਤੇ ਅਜਿਹੇ ਸਮਾਗਮ ਕਰਵਾਉਣ ਨਾਲ ਇਹ ਪੰਜਾਬੀ ਨੌਜਵਾਨ ਆਪਣਾ ਫਰਜ ਬਖੂਬੀ ਨਿਭਾਉਣ ਲਈ ਪ੍ਰੇਰਿਤ  ਹੁੰਦੇ ਨੇ ।

-----------------------------------------------------------------------

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸ਼੍ਰੀ ਮੁਕਤਸਰ ਸਾਹਿਬ ਪੁਲਿਸ ਨੇ 2 ਵਿਅਕਤੀਆਂ ਨੂੰ 3 ਕੁਇੰਟਲ 30 ਕਿਲੋਗ੍ਰਾਮ ਪੋਸਤ ਸਮੇਤ  ਕਾਬੂ ਕੀਤਾ ਏ । ਜਿਲ੍ਹਾ ਪੁਲਿਸ ਮੁਖੀ ਡਾ. ਅਖਿਲ ਚੌਧਰੀ ਨੇ  ਦੱਸਿਆ ਕਿ ਟੀਮ ਨੇ ਬੀਤੇ ਦਿਨੀ ਮਲੋਟ-ਫਾਜ਼ਿਲਕਾ ਸੜਕ  'ਤੇ ਪਿੰਡ ਪੰਨੀਵਾਲਾ

ਫੱਤਾ ਕੋਲ ਇੱਕ ਟਰੱਕ  ਦੀ ਤਲਾਸ਼ੀ ਦੌਰਾਨ ਇਹ ਵੱਡੀ ਖੇਪ ਬਰਾਮਦ ਕੀਤੀ ਏ। ਉਹਨਾਂ ਦੱਸਿਆ ਕਿ ਇੱਕ ਟਰੱਕ ਨੇੜੇ ਦੋ ਵਿਅਕਤੀਆਂ ਦੀਆਂ ਹਰਕਤਾਂ ਉੱਤੇ ਸ਼ੱਕ ਹੋਣ ਤੇ ਪੁਲਿਸ ਨੇ ਉਨ੍ਹਾਂ ਨੂੰ ਰੋਕ ਕੇ ਪੁੱਛ-ਗਿੱਛ ਕਰਨ ਤੇ ਨਸ਼ੇ ਦੀ ਖੇਪ ਬਰਾਮਦ ਹੋਈ   ।ਇਨਾ ਦੋਨਾਂ ਦੀ ਪਛਾਣ ਜ਼ਿਲਾ ਮੁਕਤਸਰ  ਦੇ ਬੂਟਾ ਸਿੰਘ ਅਤੇ ਪਿੰਡ ਜੰਡਵਾਲਾ ਭੀਮੇਸ਼ਾਹ ਦੇ ਲਵਟੈਣ ਸਿੰਘ  ਵਜੋਂ ਹੋਈ ਏ।  ਇਸ ਸਬੰਧੀ  ਥਾਣਾ ਕਬਰਵਾਲਾ ਵਿਖੇ ਨਸ਼ਿਆਂ ਨੂੰ ਰੋਕਣ ਬਾਰੇ ਐਕਟ ਅਧੀਨ ਮਕੱਦਮਾ ਦਰਜ ਕੀਤਾ ਗਿਆ ਏ।

--------------------------------------------------------------------

ਮੋਹਾਲੀ ਪੁਲਿਸ ਦੀ ਸੀ.ਆਈ.ਏ ਵਿੰਗ ਨੇ  ਵਾਹਨ ਲੁੱਟਣ ਵਾਲੇ ਗਿਰੋਹ ਦੇ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਊਨਾ ਕੋਲੋਂ ਕਈ ਵਾਹਨ ਇੱਕ ਰਿਵਾਲਵਰ ਅਤੇ ਦੋ ਅਣਚਲੇ ਕਾਰਤੂਸ ਸਮੇਤ ਬਰਾਮਦ ਕੀਤੇ  । ਉਨ੍ਹਾਂ ਦਾ ਇੱਕ ਸਾਥੀ ਫਰਾਰ ਏ ।ਪੁਲਿਸ ਕਪਤਾਨ ਜਾਂਚ  ਸੌਰਵ ਜਿੰਦਲ, ਨੇ  ਦੱਸਿਆ ਕਿ ਗਿਰੋਹ ਦੀ ਗ੍ਰਿਫ਼ਤਾਰੀ ਨਾਲ ਬੰਦੂਕ ਦੀ ਨੋਕ 'ਤੇ ਸੜਕ ਲੁੱਟ ਦੀਆਂ ਘਟਨਾਵਾਂ ਨਾਲ ਸਬੰਧਤ ਕਈ ਮਾਮਲੇ ਹੱਲ ਹੋ ਗਏ ਹਨ। ਜਿਸ ਵਿੱਚ ਇੱਕ ਨਾਬਾਲਗ ਵੀ ਸ਼ਾਮਲ ਏ। ਸਾਰਿਆਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਏ।

--------------------------------------------------------------------

ਪੰਜਾਬ ਵਿਚ ਅੱਜ ਮੌਸਮ 'ਚ ਆਈ ਤਬਦੀਲੀ ਕਾਰਨ ਲੋਕਾਂ ਨੂੰ ਗਰਮੀ

ਤੋਂ ਕੁਝ ਰਾਹਤ ਮਿਲੀ ।ਜਲੰਧਰ, ਪਠਾਨਕੋਟ, ਮੋਹਾਲੀ, ਫਾਜ਼ਿਲਕਾ ਅਤੇ ਫਰੀਦਕੋਟ ਸਮੇਤ ਵੱਖ ਵੱਖ ਜ਼ਿਲਿਆਂ ਵਿਚ ਰਾਤ ਤੋਂ ਤੇਜ਼ ਹਵਾਵਾਂ ਦੇ ਨਾਲ ਬੱਦਲਵਾਈ ਬਣੀ ਰਹੀ ਅਤੇ ਕਈ ਥਾਈਂ ਹਲਕੀ ਤੋਂ ਦਰਮਿਆਨੀ ਵਰਖਾ ਵੀ ਹੋਈ ।ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ ਉਤਰਾਖੰਡ, ਹਿਮਾਚਲ ਪ੍ਰਦੇਸ਼ ,ਜੰਮੂ-ਕਸ਼ਮੀਰ ਅਤੇ ਰਾਜਸਥਾਨ, , ਵਿੱਚ ਭਾਰੀ ਬਾਰਿਸ਼ ਲਈ ਓਰੇਂਜ ਅਲਰਟ ਜਾਰੀ ਕੀਤਾ ਏ । ਆਕਾਸ਼ਵਾਣੀ ਖਬਰਾਂ ਨਾਲ ਗੱਲ ਕਰਦੇ ਹੋਏ, ਵਿਭਾਗ ਦੇ ਸੀਨੀਅਰ ਵਿਗਿਆਨੀ, ਆਰ.ਕੇ. ਜੇਨਾਮਣੀ ਨੇ ਕਿਹਾ ।

---------------------------------------------------------------------

ਫਸਲੀ ਵਿਭਿੰਨਤਾ ਅਪਣਾਈਏ, ਧਰਤੀ ਹੇਠਲਾ ਪਾਣੀ ਬਚਾਈਏ, ਨਵੀਆਂ ਖੇਤੀ ਤਕਨੀਕਾਂ ਅਪਣਾ ਕੇ ਰੰਗਲਾ ਪੰਜਾਬ ਬਣਾਈਏ ਦੇ ਸੰਦੇਸ਼ ਅਨੁਸਾਰ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਅਤੇ ਖੇਤੀ ਦੇ ਸਹਾਇਕ ਧੰਦਿਆਂ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਤਰਨ ਤਾਰਨ ਨੇ ਭੱਠਲ ਫਾਰਮ ਨੌਸ਼ਹਿਰਾ ਪੰਨੂਆਂ ਵਿਖੇ ਕਿਸਾਨ ਸਿਖਲਾਈ ਕੈਂਪ ਲਾਇਆ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਖੇਤੀਬਾੜੀ ਵਿਭਾਗ ਦੇ ਸੰਯੁਕਤ ਡਾਇਰੈਕਟਰ ਹਰਪ੍ਰੀਤ ਕੌਰ ਨੇ ਕਿਹਾ ਕਿ ਕਿਸਾਨ ਕੁਦਰਤ ਦੀ ਅਨਮੋਲ ਦਾਤ ਪਾਣੀ ਦੀ ਬੱਚਤ ਕਰਨ ਲਈ ਕਣਕ -ਝੋਨੇ ਦੇ ਫਸਲੀ ਚੱਕਰ ਚੋਂ ਕੁਝ ਰਕਬਾ

ਘਟਾ ਕੇ ਸਾਉਣੀ ਦੀ ਮੱਕੀ, ਦਾਲਾਂ ਅਤੇ ਘੱਟ ਪਾਣੀ ਲੈਣ ਵਾਲੀਆਂ ਝੋਨੇ ਦੀਆਂ ਪ੍ਰਮਾਨਿਤ ਕਿਸਮਾਂ ਅਤੇ ਬਾਸਮਤੀ ਹੇਠ ਰਕਬਾ ਲਿਆਉਣ। ਮੁੱਖ ਖੇਤੀਬਾੜੀ ਅਫਸਰ ਡਾ ਹਰਪਾਲ ਸਿੰਘ ਪੰਨੂ ਨੇ ਮਹਿਕਮੇ ਦੁਆਰਾ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਦਸਿਆ ਇਸ ਲਈ ਇਸ ਦੀ ਸੁਚੱਜੀ ਸਾਂਭ ਸੰਭਾਲ ਲਈ ਸਾਨੂੰ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨਾ ਚਾਹੀਦਾ ਏ । ਇਸ ਮੌਕੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਹਿੱਸਾ ਲਿਆ ।

---

IPL ਕ੍ਰਿਕਟ ਵਿੱਚ ਅੱਜ ਚੇਨਈ ਸੁਪਰ ਕਿੰਗਜ਼ ਦਾ ਸਾਹਮਣਾ ਕੋਲਕਾਤਾ ਨਾਈਟ ਰਾਈਡਰਜ਼ ਨਾਲ ਚੇਨਈ ਦੇ ਐਮ.ਏ ਚਿਦੰਬਰਮ ਸਟੇਡੀਅਮ ਵਿੱਚ ਹੋਵੇਗਾ । ਇਹ ਮੈਚ ਸ਼ਾਮ ਸਾਢੇ 7 ਵਜੇ ਸ਼ੁਰੂ ਹੋਵੇਗਾ । ਇਸ ਦੌਰਾਨ, ਚੇਨਈ ਦੇ ਕਪਤਾਨ ਰੁਤੁਰਾਜ ਗਾਇਕਵਾੜ ਦੀ ਜਗ੍ਹਾ, ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ ਮੁਕਾਬਲੇ ਦੇ ਬਾਕੀ ਮੈਚਾਂ ਵਿੱਚ ਟੀਮ ਦੀ ਅਗਵਾਈ ਕਰਨਗੇ। ਗਾਇਕਵਾੜ ਕੂਹਣੀ ਦੀ ਸੱਟ ਕਾਰਨ IPL ਤੋਂ ਬਾਹਰ ਹੋ ਗਏ ਨੇ ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ 'ਸਬਕਾ ਸਾਥ, ਸਬਕਾ ਵਿਕਾਸ' ਸਾਡੀ ਸਰਕਾਰ ਦੀ ਨੀਤੀ ਏ ।

- ਪੰਜਾਬ ਮੰਤਰੀ ਮੰਡਲ ਵਲੋਂ ਅੱਜ ਮੈਡੀਕਲ ਖੇਤਰ ਸਮੇਤ ਕੁਝ ਹੋਰ ਵਿਭਾਗਾਂ ਬਾਰੇ ਅਹਿਮ ਫੈਸਲੇ ਲਏ ਗਏ- ਮੈਡੀਕਲ ਕਾਲਜਾਂ ਵਿੱਚ ਤੈਨਾਤ ਅਧਿਆਪਕ ਅਮਲੇ ਦੀ ਸੇਵਾ ਮੁਕਤੀ ਦੀ ਉਮਰ 62 ਸਾਲਾਂ ਤੋਂ ਵਧਾ ਕੇ 65 ਸਾਲ ਕੀਤੀ ਗਈ।
- ਅੰਮ੍ਰਿਤਸਰ ਪੁਲਿਸ ਨੇ ਇਕ ਨਸ਼ਾ ਤਸਕਰ ਨੂੰ 18 ਕਿੱਲੋ ਤੋਂ ਵੱਧ ਹੈਰੋਇਨ ਸਮੇਤ ਕੀਤਾ ਗ੍ਰਿਫ਼ਤਾਰ ।
- ਮੌਸਮ ਵਿਭਾਗ ਵਲੋਂ ਪੰਜਾਬ ਅਤੇ ਹਰਿਆਣਾ ਸਮੇਤ ਕਈ ਸੂਬਿਆਂ ਵਿੱਚ ਭਾਰੀ ਵਰਖਾ ਲਈ ਓਰੇਂਜ ਅਲਰਟ ਜਾਰੀ।
- IPL ਕ੍ਰਿਕਟ ਵਿੱਚ ਅੱਜ ਚੇਨਈ ਸੁਪਰ ਕਿੰਗਜ਼ ਦਾ ਸਾਹਮਣਾ ਕੋਲਕਾਤਾ ਨਾਈਟ ਰਾਈਡਰਜ਼ ਨਾਲ ਹੋਵੇਗਾ।